StudentBounty.com

BRITISH COLUMBIA

# Punjabi 12
## Resource Exam B
Exam Booklet

Contents: 18 pages Examination: 2 hours

StudentBounty.com

**PART A: LINGUISTIC COMPETENCY COMPONENT**

**SECTION 1: LANGUAGE ELEMENTS**

**Value: 10 marks** **Suggested Time: 10**

| |
|---|
| **INSTRUCTIONS:** For questions 1 to 10, select the answer that **best** completes the sentence. |

StudentBounty.com

1. ਉਹ ਮੰਦਿਰ ___________ ਪੂਜਾਰੀ ਹੈ।

   A. ਦੇ
   B. ਨੂੰ
   C. ਦਾ
   D. ਕੋਲ

2. ___________ ਅਧਿਆਪਕ ਬਹੁਤ ਲਾਇਕ ਹਨ।

   A. ਮੇਰਾ
   B. ਸਾਡੇ
   C. ਸਾਨੂੰ
   D. ਸਾਡਾ

3. ਦੁਨੀਆ ਇੱਕ ਤਮਾਸ਼ਾ ___________ ।

   A. ਹੈ
   B. ਹਾਂ
   C. ਹਨ
   D. ਸਨ

StudentBounty.com

4. ਹਾਥੀ ਬਹੁਤ ਸਿਆਣਾ ___________ ਹੈ।

A. ਪੰਛੀ
B. ਕੀੜਾ
C. ਜਾਨਵਰ
D. ਇਨਸਾਨ

5. ਕੱਲ ਸਭ ਨੇ ___________ ਹੋ ਕੇ ਜਾਣਾ ਹੈ।

A. ਰਲ
B. ਕੱਟੇ
C. ਇਕੱਟੇ
D. ਇਕੱਠੇ

6. ਰੇਤ ਦੇ ਮਹੱਲ ਬਹੁਤ ਦੇਰ ਤੱਕ ਨਹੀਂ ___________ ।

A. ਰਹਿੰਦੇ
B. ਬਣਦੇ
C. ਬਣਦਾ
D. ਠਹਿਰਦਾ

7. ਮੈਨੂੰ ਪਤਾ ਨਹੀਂ ਸੀ ___________ ਸਕੂਲ ਅੱਠ ਵਜੇ ਲਗਦਾ ਹੈ।

A. ਕੇ
B. ਕੁ
C. ਕਿ
D. ਕੀ

8. ਸਕੂਲ ਦੀ ਸਫ਼ਲਤਾ ਕੰਮ ਕਰਨ ਦੀਆਂ ਚੰਗੀਆਂ ਆਦਤਾਂ ਤੇ ___________ ਹੈ।

A. ਮਿਹਨਤ
B. ਨਿਸ਼ਾਨੀ
C. ਨਿਰਭਰ
D. ਅਨੁਕੂਲ

StudentBounty.com

9. ਉਸਨੇ ਮੈਨੂੰ ਬਹੁਤ ___________ ਮੁੰਦਰੀ ਪਾਈ।

A. ਘੱਟ
B. ਮਹਿੰਗੇ
C. ਵਧੀਆ
D. ਜ਼ਿਆਦਾ

10. ਇਹ ਕਤੂਰਾ ਬਹੁਤ ___________ ਹੈ।

A. ਮੈਲੀ
B. ਵੱਡੀ
C. ਨੀਲਾ
D. ਪਿਆਰਾ

**SECTION 2: CLOZE PASSAGE**

**Value: 10 marks** **Suggested Time: 10**

**INSTRUCTIONS:** For questions 11 to 20, select the answer that **best** completes the sentence.

StudentBounty.com

## ਸੰਗੀਤ

ਦੁਨੀਆ ਦੀ ਹਰ ਜਗ੍ਹਾ ਵਿੱਚ ਲੋਕ ਆਪਣੇ ਮਨਪਸੰਦ ਦਾ ਸੰਗੀਤ ਸੁਣਦੇ ਹਨ। ਸੰਗੀਤ ਪ੍ਰੇਮੀ ਕਹਿੰਦੇ ਹਨ ਕਿ ਸੰਗੀਤ ਸੁਣਨ ਦੇ ਬਹੁਤ ਫ਼ਾਇਦੇ ਹਨ। ਇਸ ਦੇ ਨਾਲ ਥਕਾਵਟ ਦੂਰ __11__ ਹੈ। ਕਈ ਮਨੁੱਖ ਸਵੇਰੇ ਜਲਦੀ __12__ ਲਈ ਆਪਣੇ ਅਲਾਰਮ ਦੀ ਸੈਟਿੰਗ ਘੰਟੀ ਦੀ ਬਜਾਏ, ਸੰਗੀਤ ਸੁਣਾਉਣ ਵਾਲੇ ਪ੍ਰੋਗਰਾਮ ਤੇ ਕਰਦੇ ਹਨ। ਇਸ ਨਾਲ ਉਹਨਾਂ ਦੇ ਦਿਨ ਦੀ ਸ਼ੁਰੂਆਤ ਅਲਾਰਮ ਦੀ ਮਨ ਨੂੰ ਖਿਝਾਉਣ ਵਾਲੀ ਟੂੰ ਟੂੰ ਨਾਲੋਂ __13__ ਸੰਗੀਤ ਨਾਲ ਹੁੰਦੀ ਹੈ। ਆਪਣਿਆਂ ਦਫ਼ਤਰਾਂ ਦੇ ਡੈਸਕਾਂ ਤੇ __14__ ਲੋਕਾਂ ਨੇ ਸੰਗੀਤ ਲਈ ਰੇਡੀਓ ਵੀ ਰੱਖੇ ਹੁੰਦੇ ਹਨ। ਜੇ ਕਿਸੇ ਵੱਡੀ ਇਮਾਰਤ ਦੇ ਐਲਿਵੇਟਰ ਵਿੱਚ ਜਾਉ ਤਾਂ ਤੁਹਾਨੂੰ ਆਪਣੀ __15__ ਤਕ ਪਹੁੰਚਦਿਆਂ ਸਪੀਕਰਾਂ ਰਾਹੀਂ ਸੰਗੀਤ ਸੁਣਨ ਨੂੰ ਮਿਲਦਾ ਹੈ। ਲੋਕ ਆਪਣੀਆਂ ਕਾਰਾਂ ਦੇ ਸਫ਼ਰ ਦੌਰਾਨ ਵੀ ਰੇਡੀਓ, ਸੀ. ਡੀ. ਜਾਂ ਕਸੈਟ ਸੁਣਦੇ ਹਨ। ਸੰਗੀਤ ਦੀ ਹਰ ਸਭਿਆਚਾਰ ਅਤੇ ਧਰਮ ਵਿੱਚ ਵਿਸ਼ੇਸ਼ ਜਗ੍ਹਾ ਹੈ। ਹਰ __16__ ਦੇ ਮਨੁੱਖ ਭਾਵੇਂ ਬੱਚੇ, ਜਵਾਨ ਜਾਂ ਬਜ਼ੁਰਗ ਹੋਣ, ਸੰਗੀਤ ਦਾ ਮਜ਼ਾ ਲੈਂਦੇ ਹਨ। ਆਪਣੀ ਜ਼ਿੰਦਗੀ ਦੇ ਪਹਿਲੇ ਕਈ ਸਾਲ ਬੱਚੇ ਆਪਣੇ ਮਾਪਿਆਂ ਤੋਂ ਪਿਆਰੀਆਂ __17__ ਸੁਣਦੇ ਹਨ। ਸੰਗੀਤ ਦੀਆਂ ਮਧੁਰ ਧੁਨਾਂ ਵਿਸ਼ਰਾਮ ਦੇਣ ਦੇ __18__ ਸੁਣਨ ਵਾਲਿਆਂ ਦਾ ਮਿਜ਼ਾਜ ਵੀ ਠੀਕ ਰੱਖਣ ਵਿੱਚ ਮਦਦ ਕਰਦੀਆਂ ਹਨ। ਇਸ __19__ ਇਲਾਵਾ ਸੰਗੀਤ ਮਨੁੱਖ ਦੀਆਂ ਚਿੰਤਾਵਾਂ, ਫ਼ਿਕਰਾਂ, ਉਦਾਸੀਆਂ ਅਤੇ ਤਨਹਾਈਆਂ ਨੂੰ ਵੀ ਘਟਾਉਂਦਾ ਹੈ। ਆਪਣੇ ਮਨਪਸੰਦ ਦੇ ਸੰਗੀਤ ਨੂੰ ਸੁਣਦਿਆਂ ਲੋਕ __20__ ਪ੍ਰਸੰਨ ਹੋ ਕੇ ਮੁਸਕਰਾ ਪੈਂਦੇ ਹਨ। ਮਨ ਨੂੰ ਸ਼ਾਂਤਮਈ ਰੱਖਣ ਲਈ ਸਾਨੂੰ ਸਾਰਿਆਂ ਨੂੰ ਸੰਗੀਤ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਜ਼ਰੂਰੀ ਹਿੱਸਾ ਬਣਾਉਣਾ ਚਾਹੀਦਾ ਹੈ।

11. A. ਹੁੰਦੀ
B. ਜਾਂਦੀ
C. ਵੱਧਦੀ
D. ਘੱਟਦੀ

12. A. ਪੈਣ
B. ਸੌਣ
C. ਸੁਣਨ
D. ਉੱਠਣ

13. A. ਘੱਟ
B. ਬਹੁਤ
C. ਬੇਸੁਰੇ
D. ਸੁਰੀਲੇ

14. A. ਉਸ
B. ਇਸ
C. ਤੁਸੀਂ
D. ਇਨ੍ਹਾਂ

15. A. ਲੈਵਲ
B. ਮੰਜ਼ਿਲ
C. ਟਿਕਾਣੇ
D. ਦਫ਼ਤਰ

16. A. ਕੋਈ
B. ਵਿਸ਼ੇ
C. ਕਿੱਤੇ
D. ਉਮਰ

17. A. ਗਾਣੇ
B. ਗੀਤਾਂ
C. ਸੰਗੀਤ
D. ਲੋਰੀਆਂ

18. A. ਕੋਲ
B. ਨੇੜੇ
C. ਨਜ਼ਦੀਕ
D. ਨਾਲ-ਨਾਲ

19. A. ਤੋਂ
B. ਦਾ
C. ਵਲ
D. ਨਾਲ

20. A. ਆਮ
B. ਅਕਸਰ
C. ਬਿਲਕੁਲ
D. ਤਕਰੀਬਨ

StudentBounty.com

StudentBounty.com

**PART B: READING COMPONENT**

**SECTION 3: FICTION (PROSE)**

**Value: 10 marks** **Suggested Time: 20 min**

| | |
|---|---|
| **INSTRUCTIONS:** | Read the following passage carefully. For questions 21 to 30, select the **best** answer. |

## ਰਿੱਛ ਦੀ ਪੂਛ

ਪੋਲਰ ਰਿੱਛ ਦਾ ਸਰੀਰ ਤਾਂ ਕਾਫ਼ੀ ਵੱਡਾ ਹੁੰਦਾ ਹੈ ਪਰ ਇਹਦੀ ਪੂਛ ਬਹੁਤ ਛੋਟੀ ਜਿਹੀ ਹੁੰਦੀ ਹੈ। ਕੀ ਕਦੀ ਤੁਸੀਂ ਸੋਚਿਆ ਹੈ ਕਿ ਅਜਿਹਾ ਕਿਉਂ ਹੁੰਦਾ ਹੈ ? ਗੱਲ ਇਉਂ ਹੈ ਕਿ ਕਹਿੰਦੇ ਨੇ ਇੱਕ ਵਾਰੀ ਇੱਕ ਬੰਦਾ ਮੱਛੀਆਂ ਫ਼ੜਨ ਗਿਆ ਅਤੇ ਉਸ ਨੇ ਨਦੀ ਉੱਤੇ ਜੰਮੀ ਬਰਫ਼ ਵਿੱਚ ਇੱਕ ਵੱਡੀ ਮੋਰੀ ਕੀਤੀ ਅਤੇ ਬਹੁਤ ਸਾਰੀਆਂ ਮੱਛੀਆਂ ਫ਼ੜੀਆਂ। ਠੰਡ ਬਹੁਤ ਸੀ ਇਸ ਲਈ ਉਹ ਮੱਛੀਆਂ ਉੱਥੇ ਹੀ ਛੱਡ ਕੇ ਆਪਣੇ ਕਮਰੇ ਅੰਦਰ ਥੋੜਾ ਗਰਮ ਹੋਣ ਲਈ ਚਲਾ ਗਿਆ।

ਇੰਨੀ ਦੇਰ ਨੂੰ ਇੱਕ ਲੂੰਬੜੀ (fox) ਉੱਥੇ ਆਈ। ਉਹ ਸਾਰੀਆਂ ਮੱਛੀਆਂ ਚੁੱਕ ਕੇ ਜੰਗਲ ਵਿੱਚ ਲੈ ਗਈ। ਜਦੋਂ ਰਿੱਛ ਨੇ ਲੂੰਬੜੀ ਨੂੰ ਦੇਖਿਆ ਤਾਂ ਉਹ ਪੁੱਛਣ ਲੱਗਾ ਕਿ ਉਸ ਨੇ ਇਨੀਆਂ ਸਾਰੀਆਂ ਮੱਛੀਆਂ ਕਿੱਥੋਂ ਲਈਆਂ ਹਨ ? ਲੂੰਬੜੀ ਨੇ ਮਜ਼ਾਕ ਵਿੱਚ ਜਵਾਬ ਦਿੱਤਾ ਕਿ ਉਸਨੇ ਆਪਣੀ ਪੂਛ ਬਰਫ਼ ਵਿੱਚ ਬਣੀ ਮੋਰੀ ਵਿੱਚ ਪਾ ਕੇ ਮੱਛੀਆਂ ਫ਼ੜੀਆਂ ਸਨ। ਰਿੱਛ ਬਹੁਤ ਸਿਆਣਾ ਅਤੇ ਚਲਾਕ ਸੀ। □ਸ ਨੇ ਮਨ ਵਿੱਚ ਸੋਚਿਆ ਕਿ ਇਹ ਤਾਂ ਬਹੁਤ ਹੀ ਸੋਹਣਾ ਤਰੀਕਾ ਹੈ।

ਅਗਲੇ ਦਿਨ ਰਿੱਛ ਨਦੀ ਤੇ ਗਿਆ ਤੇ ਉੱਥੇ ਬਰਫ਼ ਵਿੱਚ ਇੱਕ ਮੋਰੀ ਕੱਢ ਕੇ ਆਪਣੀ ਪੂਛ ਲਟਕਾ ਕੇ ਬੈਠ ਗਿਆ। ਵਿਚਾਰੇ ਰਿੱਛ ਨੇ ਆਪਣੀ ਪੂਛ ਨਾਲ ਮੱਛੀ ਤਾਂ ਕੋਈ ਨਹੀਂ ਫ਼ੜੀ ਪਰ ਠੰਡ ਹੋਣ ਕਾਰਨ ਉਸਦੀ ਪੂਛ ਬਰਫ਼ ਵਿੱਚ ਫ਼ੱਸ ਗਈ। ਰਿੱਛ ਚੀਕਾਂ ਮਾਰਨ ਲੱਗਾ। ਉਸਨੇ ਬਹੁਤ ਖਿੱਚਿਆ ਪਰ ਪੂਛ ਬਾਹਰ ਨਾ ਨਿਕਲੀ। ਅੰਤ ਵਿੱਚ ਉਸ ਦੀ ਪੂਛ ਵਿੱਚੇ ਹੀ ਟੁੱਟ ਗਈ ਅਤੇ ਵਿਚਾਰਾ ਰਿੱਛ ਆਪਣੀ ਬਚੀ ਹੋਈ ਪੂਛ ਲੈ ਕੇ ਜੰਗਲ ਵਿੱਚ ਦੌੜ ਗਿਆ। ਉਸ ਦਿਨ ਤੋਂ ਲੈ ਕੇ ਅੱਜ ਤੱਕ ਰਿੱਛ ਦੀ ਪੂਛ ਛੋਟੀ ਦੀ ਛੋਟੀ ਹੀ ਹੈ।

StudentBounty.com

21. This story is about what type of bear?

A. polar bear
B. koala bear
C. brown bear
D. grizzly bear

22. Why did the man make a hole in the ice?

A. to catch fish
B. to meet the fox
C. to go swimming
D. to gauge the thickness of the ice

23. How did the man catch fish?

A. brought it from home
B. caught it with a scoop
C. caught it with a trawler
D. dug a hole in the lake and used a fishing rod

24. What did the man leave behind when he went inside?

A. fish
B. flask
C. tackle
D. fishing rod

25. Why did the man go inside?

A. to cool off
B. to warm up
C. to get water
D. to meet with a friend

StudentBounty.com

26. Where did the fox get her fish?

    A. She stole them from the man.
    B. She stole them from the bear.
    C. She scooped them from the lake.
    D. She caught them with a fishing rod.

27. What story did the fox tell the bear about catching the fish?

    A. She caught them with the rod.
    B. She swam in the lake to catch them.
    C. She used a net through the hole in the ice.
    D. She caught them with her tail through the ice hole.

28. What was the intention of the fox when she told the bear about the fish?

    A. to warn him
    B. to be imaginative
    C. to teach him fishing
    D. to make a fool of him

29. Trusting the fox, what did the bear do?

    A. try to catch fish with his rod
    B. try to catch fish with his tail
    C. try to borrow fish from the man
    D. scoop fish with his hand through the hole

30. Where did the polar bear go with his broken tail?

    A. to his room
    B. to the jungle
    C. to fight the fox
    D. to fight with the man

StudentBounty.com

## SECTION 3 (continued): DRAMA

**Value: 10 marks** **Suggested Time: 2**

**INSTRUCTIONS:** Read the following drama carefully. For questions 31 to 40, select the **best** an

### ਦੁਚਿੱਤੀ (Dilemma)

ਕ੍ਰਿਸਟੀਨਾ : ਪੁੱਤ, ਇੱਥੇ ਇਕੱਲਾ ਕਿਉਂ ਬੈਠਾ ਹੈਂ ? ਆ ਜਾ ਮੇਰੇ ਕੋਲ ਬੈਠ ਕੇ ਕੋਈ ਗੱਲ-ਬਾਤ ਕਰ ।

ਨਿੱਕ : ਮੈਂ ਆਪਣੇ ਭਵਿੱਖ ਦੀ ਚਿੰਤਾ ਵਿੱਚ ਹਾਂ । ਯੂਨੀਵਰਸਿਟੀ ਅਤੇ ਕਾਲਜ ਦੇ ਦਾਖਲੇ ਦੇ ਫ਼ਾਰਮ ਆ ਗਏ ਹਨ ।

ਕ੍ਰਿਸਟੀਨਾ : ਅੱਛਾ, ਕਦੋਂ ਆਏ ?

ਨਿੱਕ : ਤਿੰਨ ਦਿਨ ਹੋ ਗਏ ਹਨ । ਅਗਸਤ ਦੀ 13 ਤਰੀਕ ਤਕ ਭਰ ਕੇ ਭੇਜਣੇ ਹਨ ।

ਕ੍ਰਿਸਟੀਨਾ : ਸੋਚਦਾ ਕੀ ਹੈਂ ? ਭਰ ਦੇ । ਫ਼ੀਸ ਦੀ ਪਰਵਾਹ ਨਾ ਕਰੀਂ । ਮੈਂ ਆਪੇ ਦੇਖ ਲਵਾਂਗੀ ।

ਨਿੱਕ : ਨਹੀਂ ਮੰਮੀ, ਇਕੱਲੀ ਫ਼ੀਸ ਦੀ ਗੱਲ ਨਹੀਂ ਹੈ । ਮੈਨੂੰ ਤਾਂ ਪਤਾ ਨਹੀਂ ਲਗਦਾ ਕਿ ਕਾਲਜ ਦੇ ਫ਼ਾਰਮ ਭਰਾਂ ਕਿ ਯੂਨੀਵਰਸਿਟੀ ਦੇ ।

ਕ੍ਰਿਸਟੀਨਾ : ਤੂੰ ਆਪਣੇ ਸਕੂਲ ਕਾਊਂਸਲਰ ਨਾਲ ਗੱਲ ਤਾਂ ਕੀਤੀ ਸੀ । ਕੀ ਫ਼ੈਸਲਾ ਕੀਤਾ ਸੀ ?

ਨਿੱਕ : ਮੰਮੀ, ਉਸ ਨੇ ਵੀ ਫ਼ੈਸਲਾ ਮੇਰੇ ਤੇ ਹੀ ਛੱਡ ਦਿੱਤਾ ਹੈ ।

ਕ੍ਰਿਸਟੀਨਾ : ਬੇਟਾ, ਤੂੰ ਜੋ ਵੀ ਕਰਨਾ ਚਾਹੇਂਗਾ, ਜੋ ਵੀ ਰਸਤਾ ਚੁਣੇਗਾ, ਮੈਨੂੰ ਮਨਜ਼ੂਰ ਹੈ ।

ਨਿੱਕ : ਹਾਂ ਜੀ, ਇਹ ਤਾਂ ਮੈਨੂੰ ਪਤਾ ਹੈ । ਦੁਚਿੱਤੀ ਇਹ ਹੈ ਕਿ ਜੇ ਮੈਂ ਯੂਨੀਵਰਸਿਟੀ ਜਾਂਦਾ ਹਾਂ ਤਾਂ ਵਜ਼ੀਫ਼ਾ ਤਾਂ ਮਿਲਦਾ ਹੈ ਪਰ ਮੇਰੇ ਮਨ ਭਾਉਂਦੇ ਕੋਰਸ (desired) ਨਹੀਂ ਮਿਲਦੇ । ਜੇ ਕਾਲਜ ਜਾਂਦਾ ਹਾਂ ਤਾਂ ਵਜ਼ੀਫ਼ਾ ਹੱਥੋਂ ਜਾਂਦਾ ਹੈ ।

ਕ੍ਰਿਸਟੀਨਾ : ਦਾਖਲਾ ਤਾਂ ਤੂੰ ਜਿੱਥੇ ਵੀ ਭਰੇਂਗਾ ਉੱਥੇ ਹੀ ਮਿਲ ਜਾਣਾ ਹੈ ਕਿਉਂਕਿ ਤੇਰੇ ਨੰਬਰ 92 ਪ੍ਰਤੀਸ਼ਤ ਹਨ ।

ਨਿੱਕ : ਹਾਂ ਜੀ, ਫਿਰ ਮੈਂ ਐਵੇਂ ਹੀ ਥਾਂ ਥਾਂ ਤੇ ਫ਼ੀਸਾਂ ਕਿਉਂ ਭਰਾਂ ?

ਕ੍ਰਿਸਟੀਨਾ : ਚੱਲ ਪੁੱਤ, ਪੈਸੇ ਦੀ ਪਰਵਾਹ ਨਾ ਕਰ । ਕਾਲਜ ਦੇ ਫ਼ਾਰਮ ਵੀ ਭਰ ਦੇ ਅਤੇ ਯੂਨੀਵਰਸਿਟੀ ਦੇ ਵੀ । ਵਜ਼ੀਫ਼ੇ ਦਾ ਫ਼ਾਇਦਾ ਮਿਲਦਾ ਹੈ ਤਾਂ ਲੈ ਲੈ ਨਹੀਂ ਤਾਂ ਨਾ ਸਹੀ ।

ਨਿੱਕ : ਇੱਕ ਜਾਂ ਦੋ ਸਾਲ ਦੀ ਗੱਲ ਤਾਂ ਹੈ ਨਹੀਂ, ਚਾਰ ਸਾਲ ਦਾ ਵਜ਼ੀਫ਼ਾ ਬਹੁਤ ਹੁੰਦਾ ਹੈ । ਸੋਚਦਾ ਹਾਂ ਕਿ ਮੈਂ ਉੱਥੇ ਹੀ ਅਪਲਾਈ ਕਰਾਂ । ਹਜ਼ਾਰਾਂ ਲੋਕ ਯੂਨੀਵਰਸਿਟੀ ਜਾਂਦੇ ਹਨ, ਕੁਝ ਤਾਂ ਚੰਗੇ ਕੋਰਸ ਹੋਣਗੇ ਹੀ ਮੇਰੇ ਲਈ ਵੀ ।

ਕ੍ਰਿਸਟੀਨਾ : ਤੂੰ ਤਾਂ ਜਿੱਥੇ ਵੀ ਜਾਵੇਂਗਾ ਸਫ਼ਲਤਾ ਤੇਰੇ ਪਿੱਛੇ ਪਿੱਛੇ ਆਵੇਗੀ । ਮਿਹਨਤੀ ਜੋ ਬਹੁਤ ਹੈਂ । ਤੂੰ ਚੰਗੇ ਕੋਰਸ ਲੱਭ ਹੀ ਲੈਣੇ ਹਨ । ਆਖਰ ਯੂਨੀਵਰਸਿਟੀਆਂ ਤੇਰੇ ਵਰਗੇ ਮਿਹਨਤੀ ਅਤੇ ਲਾਇਕ ਬੱਚਿਆਂ ਲਈ ਹੀ ਬਣੀਆਂ ਹਨ ।

ਨਿੱਕ : ਠੀਕ ਹੈ, ਮੈਂ ਯੂਨੀਵਰਸਿਟੀ ਅਤੇ ਕਾਲਜ ਦੋਹਾਂ ਦੇ ਹੀ ਫ਼ਾਰਮ ਭਰ ਦਿੰਦਾ ਹਾਂ ।

StudentBounty.com

31. ਨਿੱਕ ਇਕੱਲਾ ਕਿਉਂ ਬੈਠਾ ਸੀ ?

A. ਉਹ ਪਰੇਸ਼ਾਨ ਸੀ ।
B. ਉਸ ਨੂੰ ਸਜ਼ਾ ਮਿਲੀ ਹੋਈ ਸੀ ।
C. ਉਸ ਨੂੰ ਨੀਂਦ ਆਈ ਹੋਈ ਸੀ ।
D. ਉਹ ਇਕੱਲਾ ਬੈਠਣਾ ਪਸੰਦ ਕਰਦਾ ਸੀ ।

32. ਦਾਖਲੇ ਦੇ ਫ਼ਾਰਮ ਆਇਆਂ ਨੂੰ ਕਿੰਨੇ ਦਿਨ ਹੋ ਗਏ ਸਨ ?

A. ਇੱਕ
B. ਦੋ
C. ਤਿੰਨ
D. ਚਾਰ

33. ਦਾਖਲੇ ਦੇ ਫ਼ਾਰਮ ਭਰਨ ਦੀ ਆਖਰੀ ਤਰੀਕ ਕੀ ਹੈ ?

A. ਤੇਰਾਂ ਅਗਸਤ
B. ਤੇਈ ਅਗਸਤ
C. ਤੇਰਾਂ ਸਤੰਬਰ
D. ਤੇਈ ਸਤੰਬਰ

34. ਨਿੱਕ ਕਿਹੜੀ ਦੁਚਿੱਤੀ ਵਿੱਚ ਸੀ ?

A. ਕਾਲਜ ਜਾਏ ਕਿ ਨੌਕਰੀ ਕਰੇ
B. ਇਕੱਲਾ ਬੈਠੇ ਕਿ ਸਾਰਿਆਂ ਵਿੱਚ
C. ਯੂਨੀਵਰਸਿਟੀ ਜਾਵੇ ਜਾਂ ਕਾਲਜ
D. ਮੰਮੀ ਕੋਲੋਂ ਸਹਾਇਤਾ ਲਵੇ ਕਿ ਨਾ

35. ਨਿੱਕ ਨੇ ਸਭ ਤੋਂ ਪਹਿਲਾਂ ਕਿਸ ਨਾਲ ਸਲਾਹ ਕੀਤੀ ਸੀ ?

A. ਮੰਮੀ ਨਾਲ
B. ਟੀਚਰ ਨਾਲ
C. ਦੋਸਤਾਂ ਨਾਲ
D. ਕਾਊਂਸਲਰ ਨਾਲ

36. ਨਿੱਕ ਯੂਨੀਵਰਸਿਟੀ ਵਿੱਚ ਦਾਖਲਾ ਕਿਉਂ ਲੈਣਾ ਚਾਹੁੰਦਾ ਹੈ ?

A. ਕੋਰਸ ਚੰਗੇ ਮਿਲਦੇ ਹਨ
B. ਦੋਸਤਾਂ ਨੇ ਉੱਥੇ ਜਾਣਾ ਹੈ
C. ਸਕਾਲਰਸ਼ਿਪ ਮਿਲਦਾ ਹੈ
D. ਮੰਮੀ ਨੂੰ ਖੁਸ਼ ਕਰਨਾ ਚਾਹੁੰਦਾ ਹੈ

37. ਕ੍ਰਿਸਟੀਨਾ ਕਿਉਂ ਸੋਚਦੀ ਹੈ ਕਿ ਨਿੱਕ ਜਿੱਥੇ ਵੀ ਦਾਖਲਾ ਲੈਣਾ ਚਾਹੇਗਾ ਉਸ ਨੂੰ ਮਿਲ ਹੀ ਜਾਵੇਗਾ ?

A. ਉਹ ਉਸ ਦਾ ਪੁੱਤਰ ਹੈ।
B. ਉਸ ਦੇ ਨੰਬਰ ਚੰਗੇ ਹਨ।
C. ਉਸ ਨੂੰ ਵਜ਼ੀਫ਼ਾ ਮਿਲਿਆ ਹੋਇਆ ਹੈ।
D. ਉਸ ਨੇ ਮੰਮੀ ਨੂੰ ਪੂਰੀ ਗੱਲ ਨਹੀਂ ਦੱਸੀ ਹੋਈ।

38. ਨਿੱਕ ਇੱਕ ਤੋਂ ਵੱਧ ਸੰਸਥਾਵਾਂ ਵਿੱਚ ਦਾਖਲੇ ਦੇ ਫ਼ਾਰਮ ਕਿਉਂ ਨਹੀਂ ਭਰਨਾ ਚਾਹੁੰਦਾ ?

A. ਉਸ ਕੋਲ ਪੈਸੇ ਨਹੀਂ ਹਨ।
B. ਉਹ ਪੈਸੇ ਖਰਾਬ ਨਹੀਂ ਕਰਨੇ ਚਾਹੁੰਦਾ।
C. ਉਹ ਦਾਖਲਾ ਲੈਣਾ ਹੀ ਨਹੀਂ ਚਾਹੁੰਦਾ।
D. ਉਹ ਆਪਣਾ ਸਮਾਂ ਖਰਾਬ ਨਹੀਂ ਕਰਨਾ ਚਾਹੁੰਦਾ।

39. ਯੂਨੀਵਰਸਿਟੀ ਕਿੰਨੇ ਸਾਲਾਂ ਲਈ ਵਜ਼ੀਫ਼ਾ ਦੇ ਰਹੀ ਹੈ ?

A. ਦੋ
B. ਤਿੰਨ
C. ਚਾਰ
D. ਪੰਜ

40. ਨਿੱਕ ਕਿਹੋ ਜਿਹਾ ਵਿਦਿਆਰਥੀ ਹੈ ?

A. ਆਲਸੀ
B. ਲਾਲਚੀ
C. ਹੁਸ਼ਿਆਰ
D. ਲਾਈਲੱਗ

StudentBounty.com

StudentBounty.com

SECTION 4: JOURNALISTIC PROSE

**Value: 8 marks** **Suggested Time: 15**

**INSTRUCTIONS:** Read the following article carefully. For questions 41 to 48, select the **best** answ

# ਪਾਣੀ ਨਾਲ ਚੱਲਣ ਵਾਲੀ ਕਾਰ

ਦੁਬਈ, 13 ਫਰਵਰੀ- ਭਾਰਤ ਦੇ ਵਾਤਾਵਰਨ ਪ੍ਰਦੂਸ਼ਣ (pollution) ਬਾਰੇ ਚਿੰਤਾ ਕਰਨ ਵਾਲੇ ਲੋਕਾਂ ਲਈ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਬੀ. ਐਮ. ਡਬਲਿਯੂ. ਨੇ ਪਾਣੀ ਨਾਲ ਚੱਲਣ ਵਾਲੀ ਦੁਨੀਆ ਦੀ ਪਹਿਲੀ ਕਾਰ ਤਿਆਰ ਕਰ ਲਈ ਹੈ।

ਬੀ. ਐਮ. ਡਬਲਿਯੂ. ਦੇ ਅਧਿਕਾਰੀਆਂ ਨੇ ਕੱਲ ਸ਼ਾਮ ਇੱਥੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਬੀ. ਐਮ. ਡਬਲਿਯੂ . 750 ਐਚ. ਐਲ. ਸੂਰਜੀ ਊਰਜਾ (solar power) ਨਾਲ ਪਾਣੀ ਵਿਚੋਂ ਤਿਆਰ ਤਰਲ (liquid) ਹਾਈਡ੍ਰੋਜਨ ਨਾਲ ਚੱਲੇਗੀ। ਇਸ ਨਾਲ ਸਾਰੀ ਦੁਨੀਆ ਦੀ ਆਟੋਮੋਬੀਲ ਇੰਡਸਟਰੀ ਵਿੱਚ ਕਰਾਂਤੀ ਆ ਜਾਵੇਗੀ। ਬੀ. ਐਮ. ਡਬਲਿਯੂ. ਗਰੁੱਪ ਦੇ ਇੱਕ ਸੀਨੀਅਰ ਅਧਿਕਾਰੀ ਹਰਸਤ ਟੈਲਸ਼ਿਕ ਨੇ ਦੱਸਿਆ ਕਿ ਇਹ ਕਾਰ ਬਣਾਉਣ ਲਈ ਪਿੱਛਲੇ ਪੱਚੀ ਸਾਲਾਂ ਤੋਂ ਕੰਮ ਚਲ ਰਿਹਾ ਸੀ। ਸੁਰੱਖਿਆ ਅਤੇ ਕੰਮ ਪੱਖੋਂ ਇਹ ਕਾਰ ਪੈਟਰੋਲ ਨਾਲ ਚੱਲਣ ਵਾਲੀ ਕਿਸੇ ਵੀ ਕਾਰ ਨਾਲੋਂ ਘੱਟ ਨਹੀਂ ਹੈ। ਅਧਿਕਾਰੀ ਨੇ ਇਹ ਵੀ ਦੱਸਿਆ ਕਿ ਭਾਵੇਂ ਇਹ ਕਾਰ ਚੱਲਣ ਲਈ ਬਿਲਕੁਲ ਤਿਆਰ ਹੈ ਪਰ ਕਮਰਸ਼ੀਅਲ ਪੱਖੋਂ ਇਸਦਾ ਉਤਪਾਦਨ ਸ਼ੁਰੂ ਨਹੀਂ ਕੀਤਾ ਜਾ ਰਿਹਾ ਕਿਉਂਕਿ ਕੋਈ ਵੀ ਤੇਲ ਕੰਪਨੀ ਤਰਲ ਹਾਈਡ੍ਰੋਜਨ ਸਪਲਾਈ ਕਰਨ ਲਈ ਆਪਣੇ ਸੈਂਟਰ ਖੋਲ੍ਹਣ ਲਈ ਹਾਮੀ ਨਹੀਂ ਭਰ ਰਹੀ। ਉਨ੍ਹਾਂ ਦਾ ਖਿਆਲ ਹੈ ਕਿ ਇਹ ਉਨ੍ਹਾਂ ਨੂੰ ਮਹਿੰਗੇ ਪੈਣਗੇ। ਇਹ ਕਾਰ ਦੁਬਈ ਸਥਿਤ ਬੈਂਕ ਇੰਟਰਨੈਸ਼ਨਲ ਵਲੋਂ ਵਾਤਾਵਰਨ ਸਬੰਧੀ ਕਰਵਾਈ ਜਾ ਰਹੀ ਕਾਨਫਰੰਸ ਅਤੇ ਪ੍ਰਦਰਸ਼ਨੀ ਵਿੱਚ ਮੁੱਖ ਆਕਰਸ਼ਣ ਹੈ।

StudentBounty.com

41. From where was this news released?

A. Dubai
B. London
C. New York
D. New Delhi

42. On what day was this press conference held?

A. twelfth of February
B. thirteenth of February
C. fourteenth of February
D. fifteenth of February

43. Which car is the world's first car to run on water?

A. GM
B. Ford
C. BMW
D. Toyota

44. How is water converted into energy?

A. Hydrogen converts into water power.
B. Oxygen converts water into hydrogen.
C. Solar power converts water into oxygen.
D. Solar power converts water into hydrogen.

45. According to this article, what future possibilities does this invention hold?

A. It has some possibilities.
B. It will destroy the industry.
C. It has very few possibilities.
D. It will revolutionize the industry.

StudentBounty.com

46. Who released the information at the exhibition?

A. CEO of Toyota
B. Herst Telshick of BMW
C. Manager of International Bank
D. Manager of GJ automobile industry

47. How many years of research did it take to produce such a car?

A. 10
B. 13
C. 25
D. 40

48. Who sponsored the exhibition of this car?

A. Bank International
B. Bank of Nova Scotia
C. Royal Bank of Canada
D. World International Bank of Dubai

**SECTION 5: AUTHENTIC DOCUMENT**

StudentBounty.com

**Value: 6 marks** **Suggested Time:**

**INSTRUCTIONS:** Read the following information carefully. For questions 49 to 54, select the **be** answer and record your choice on the **Answer Sheet** provided.

# ਡਾ. ਸ਼ਕੀਲ ਦਾ ਭੋਜਨ ਖਾਉ ਅਤੇ ਪਤਲੇ ਪਤੰਗ ਹੋ ਜਾਉ !

## ਡਾ. ਸ਼ਕੀਲ ਦੇ ਭੋਜਨ ਨਾਲ ਤੁਸੀਂ 8 ਤੋਂ 12 ਪੌਂਡ ਭਾਰ ਹਰ ਮਹੀਨੇ ਘਟਾ ਸਕਦੇ ਹੋ !

- ਪਿਛਲੇ ਵੀਹਾਂ ਸਾਲਾਂ ਵਿੱਚ ਡਾ. ਸ਼ਕੀਲ ਦੇ ਕਲਿਨਿਕ ਸਾਰੇ ਕੈਨੇਡਾ ਵਿੱਚ ਬਹੁਤ ਪ੍ਰਸਿੱਧ ਹੋਏ ਹਨ।
- ਹਜ਼ਾਰਾਂ ਹੀ ਲੋਕਾਂ ਨੇ 30 ਤੋਂ 120 ਪੌਂਡ ਤਕ ਭਾਰ ਘਟਾਇਆ ਹੈ।
- ਖਾਣੇ ਬੜੇ ਹੀ ਸਾਫ਼ ਸੁਥਰੇ ਢੰਗ ਨਾਲ ਤਿਆਰ ਅਤੇ ਪੈਕ ਕੀਤੇ ਹੁੰਦੇ ਹਨ।
- ਕਲਿਨਿਕ ਕਨੇਡਾ ਦੇ ਸਰਟੀਫਾਈਡ ਨਰਸਾਂ ਅਤੇ ਡਾਕਟਰ ਚਲਾਉਂਦੇ ਹਨ।

**ਤੁਸੀਂ ਆਪਣਾ ਟੀਚਾ (goal) ਆਪ ਤੈਅ ਕਰਕੇ ਜਿਨਾਂ ਵੀ ਚਾਹੋ ਭਾਰ ਘਟਾ ਸਕਦੇ ਹੋ।**

- ਹਰ ਹਫ਼ਤੇ ਦੋ ਪੌਂਡ ਘਟਾਉਣ ਦੀ ਅਸੀਂ ਗਰੰਟੀ ਦਿੰਦੇ ਹਾਂ।
- ਹਰ ਹਫ਼ਤੇ ਚਾਰ-ਪੰਜ ਪੌਂਡ ਤੱਕ ਵੀ ਘਟਾ ਸਕਦੇ ਹੋ।

**ਬਿਨਾਂ ਭੁੱਖ ਅਤੇ ਚਸਕੇ (cravings) ਤੋਂ ਜੀਵਨ ਭਰ ਲਈ ਪਤਲੇ ਰਹੋ।**

- ਭਾਰ ਘੱਟ ਜਾਣ ਤੋਂ ਬਾਅਦ, ਸਾਡੇ ਮੇਨਟੇਨੈਂਸ ਪ੍ਰੋਗਰਾਮ ਨਾਲ ਕਦੀ ਵੀ ਭਾਰ ਨਹੀਂ ਵਧੇਗਾ।
- ਚਸਕਾ ਖਤਮ ਹੋ ਜਾਣ ਨਾਲ ਵੀ ਭਾਰ ਮੁੜ ਨਹੀਂ ਵੱਧਦਾ।
- ਸਾਡੀ ਖੁਰਾਕ ਨਾਲ ਸ਼ਕਤੀ ਅਤੇ ਚੁਸਤੀ ਆਉਂਦੀ ਹੈ।
- ਤੁਹਾਨੂੰ ਕਦੀ ਵੀ ਗੋਲੀਆਂ, ਦਵਾਈਆਂ ਜਾਂ ਸਰਜਰੀ ਦੀ ਲੋੜ ਨਹੀਂ ਪਵੇਗੀ।

**ਫ਼ੀਸ :** $375 ਰੈਜਿਸਟ੍ਰੇਸ਼ਨ ਫ਼ੀਸ + $550 ਪ੍ਰਤੀ ਮਹੀਨਾ

ਮੈਂਬਰਸ਼ਿਪ ਰੱਦ (cancel) ਕਰਨ ਤੇ ਰੈਜਿਸਟ੍ਰੇਸ਼ਨ ਫ਼ੀਸ ਵਿੱਚੋਂ ਸਿਰਫ਼ $225 ਵਾਪਸ ਕੀਤੇ ਜਾਣਗੇ।

---

**ਸਾਰੇ ਕੈਨੇਡਾ ਵਿੱਚ 25 ਕਲਿਨਿਕ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ :**

1-800-sha-keel

www.drshakeel.com

StudentBounty.com

49. What does Dr. Shakeel's program include?

A. prepared foods
B. weight-loss pills
C. exercise programs
D. vitamin supplements

50. Who runs Dr. Shakeel's clinics?

A. Dr. Shakeel
B. personal trainers
C. doctors and nurses
D. Canadian Medical Association

51. How much weight loss per week does Dr. Shakeel guarantee?

A. two pounds
B. five pounds
C. five pounds
D. eight pounds

52. Who sets the weight reduction goals for the new clients?

A. dieticians
B. Dr. Shakeel
C. clients themselves
D. doctors and nurses

53. What is provided by the clinics after you reach your target weight?

A. vitamins and food
B. a maintenance program
C. a one-week trip to Hawaii
D. a rebate for gym membership

54. What is $550 paid for?

A. monthly fee
B. registration fee
C. cancellation fee
D. maintenance fee

**This is the end of the multiple-choice section.**
**Answer the remaining questions in the space provided in the response booklet.**


## PART C: WRITING COMPONENT

## SECTION 6: MAP DIRECTIONS

**Value: 6 marks** **Suggested Time: 10 m**

| | |
|---|---|
| **INSTRUCTIONS:** | In the **Response Booklet**, use complete **Punjabi** sentences to respond to the topic given below. Use approximately 50 words. Avoid repetition and lists. Marks will be awarded for content and for grammatical correctness. |

1. At the university campus, you want to go from McKenzie Cafeteria to the Beenay Library. Describe the route you will take and the landmarks you will pass. **(6 marks)**




StudentBounty.com

StudentBounty.com

## SECTION 7: LETTER

**Value: 12 marks** **Suggested Time: 10**

| | |
|---|---|
| **INSTRUCTIONS:** | In the **Response Booklet**, use complete **Punjabi** sentences to write a short letter the topic given below. Use approximately 60 words. Avoid repetition and lists. Marks will be awarded for content and for grammatical correctness. |

2. Your name is Preet. Write a letter to your principal telling him/her how the student body at your school can help in minimizing the problem of bullying (fighting, teasing, harassing, etc.) in your school. **(12 marks)**

**Note:** The letter should include appropriate salutation and closing phrases.
Students must avoid identifying themselves, their schools, or school districts.

## SECTION 8: STORY COMPLETION

**Value: 18 marks** **Suggested Time: 15 minutes**

| | |
|---|---|
| **INSTRUCTIONS:** | In the **Response Booklet**, use complete **Punjabi** sentences to complete the story started below. Use approximately 100 words. Avoid repetition and lists. Marks will be awarded for content and for grammatical correctness. |

3. ਮੈਂ ਹੱਥ ਖੜ੍ਹਾ ਕੀਤਾ ਹੀ ਸੀ ਕਿ ਉਸਨੇ ਮੈਨੂੰ ਚੁਣ ਲਿਆ । ਮੈਂ ਡਰ ਰਿਹਾ/ਰਹੀ ਸੀ ਪਰ… **(18 marks)**

I was picked as soon as I volunteered. I was afraid but…

**END OF EXAM**

StudentBounty.com